ਸੈਂਟਰਲ ਯੂਨੀਫਾਈਡ ਸਕੂਲ ਡਿਸਟ੍ਰੀਕਟ
ਜ਼ਿਲਾ ਵਿਆਪਕ ਮਾਪਿਆ
ਦੀ ਸ਼ਮੂਲੀਅਤ ਨੀਤੀ

**2025-2026**

## ਸਿਰਲੇਖ I, ਭਾਗ A ਦੀ ਐਲ ਈ ਏ -ਪੱਧਰ ਦੀ ਮਾਤਾ-ਪਤਾ ਅਤੇ ਪਰਿਵਾਰ ਸ਼ਮੂਲੀਅਤ ਨੀਤੀ

ਇਹ ਮਾਪਿਆ ਅਤੇ ਪਰਿਵਾਰ ਦੀ ਸ਼ਮੂਲੀਅਤ ਨੀਤੀ (ਨੀਤੀ) ਅਤੇ ਹਰ ਵਿਦਿਆਰਥੀ ਸਫ਼ਲ ਕਾਨੂੰਨ (ESA) ਦੇ ਸੈਕਸ਼ਨ 1116(A) ਦੇ ਅਨੁਸਾਰ ਨਾਮਜ਼ਦ ਟਾਈਟਲ I, ਭਾਗ A, ਮਾਪਿਆ ਅਤੇ ਪਰਿਵਾਰਕ ਸ਼ਮੂਲੀਅਤ ਦੀਆਂ ਲੋੜਾ ਨੂੰ ਪੂਰਾ ਕਰਨ ਦੇ ਸਾਧਨਾ ਦਾ ਵਰਣਨ ਕਰਦੀ ਹੈ।

ਇਸ ਨੀਤੀ ਦਾ ਉਦੇਸ਼ ਹੈ:

- ਹਰ ਵਿਦਿਆਰਥੀ ਸਫ਼ਲ ਐਕਟ (ESSA) ਸੈਕਸ਼ਨ 1116(A) ਦੇ ਨਾਲ ਇਕਸਾਰ, ਟਾਈਟਲ I, ਭਾਗ A ਪ੍ਰੋਗਰਾਮਾ ਦੇ ਨਾਲ ਇਸ ਦੇ ਸਾਰੇ ਸਕੂਲਾ ਵਿੱਚ ਮਾਪਿਆਂ ਦੀ ਸ਼ਮੂਲੀਅਤ ਲਈ ਸੰਚਾਲਨ ਪ੍ਰੋਗਰਾਮਾ, ਗਤੀਵਿਧੀਆਂ ਅਤੇ ਪ੍ਰਕਿਰਆਵਾ ਨੂੰ ਸ਼ਾਮਲ ਕਰੋ। ਉਹਨਾ ਪ੍ਰੋਗਰਾਮਾ, ਗਤੀਵਿਧੀਆਂ ਅਤੇ ਪ੍ਰਕਿਰਆਵਾ ਵਿੱਚ ਭਾਗ ਲੈਣ ਵਾਲੇ ਬੱਚਿਆਂ ਦੇ ਮਾਪਿਆਂ ਨਾਲ ਸਾਰਥਕ ਸਲਾਹ-ਮਸ਼ਵਰੇ ਦੁਆਰਾ ਯੋਜਨਾਬੱਧ ਅਤੇ ਸੰਚਾਲਿਤ ਕੀਤਾ ਜਾਵੇਗਾ।
- ਇਹ ਯਕੀਨੀ ਬਣਾਉਣ ਲਈ ਸਕੂਲਾਂ ਨਾਲ ਕੰਮ ਕਰੋ ਕਿ ਲੋੜੀਂਦੀਆ ਸਕੂਲ-ਪੱਧਰੀ ਮਾਪਿਆਂ ਦੀ ਸ਼ਮੂਲੀਅਤ ਨੀਤੀਆਂ ESSA ਦੇ ਸੈਕਸ਼ਨ 1116 (A) ਦੀਆਂ ਲੋੜਾ ਨੂੰ ਪੂਰਾ ਕਰਦੀਆਂ ਹਨ।
- ਸੀਮਤ ਅੰਗਰੇਜ਼ੀ ਦੀ ਬੋਲਣ ਵਾਲੇ ਮਾਪਿਆਂ, ਅਪਾਹਜਤਾ ਵਾਲੇ ਮਾਪਿਆ, ਅਤੇ ਪ੍ਰਵਾਸੀ ਬੱਚਿਆਂ ਦੇ ਮਾਪਿਆਂ ਦੀ ਭਾਗੀਦਾਰੀ ਲਈ ਪੂਰੇ ਮੌਕੇ ਪ੍ਰਦਾਨ ਕਰੋ, ਜਿਸ ਵਿਚ ਜਾਣਕਾਰੀ ਅਤੇ ਸਕੂਲ ਰਿਪੋਰਟਾ ਨੂੰ ਸਮਝਣਯੋਗ ਅਤੇ ਇਕਸਾਰ ਫਾਰਮੈਟ ਵਿਚ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨਾ ਅਤੇ ਬੇਨਤੀ ਕਰਨ 'ਤੇ ਵਿਕਲਪਕ ਫਾਰਮੈਟ ਸਮੇਤ ਅਤੇ ਹੱਦ ਤੱਕ ਵਿਹਾਰਕ, ਉਸ ਭਾਸ਼ਾ ਵਿਚ ਜੋ ਮਾਪੇ ਸਮਝਦੇ ਹਨ।
- ਟਾਈਟਲ I, ਭਾਗ A ਸਕੂਲਾਂ ਵਿਚ ਸੇਵਾ ਪ੍ਰਾਪਤ ਕਰ ਰਹੇ ਬੱਚਿਆਂ ਦੇ ਮਾਪਿਆਂ ਨੂੰ ਇਸ ਬਾਰੇ ਫੈਸਿਲਆਂ ਵਿਚ ਸ਼ਮਿਲ ਕਰੋ ਕਿ ਮਾਪਿਆਂ ਦੀ ਸ਼ਮੂਲੀਅਤ ਲਈ ਰਾਖਵਾ ਟਾਈਟਲ I, ਭਾਗ A ਫੰਡਾ ਦਾ 1 ਪ੍ਰਤੀਸ਼ਤ ਕਿਵੇ ਖਰਚਿਆ ਜਾਵੇਗਾ ਹੈ, ਅਤੇ ਇਹ ਯਕੀਨੀ ਬਣਾਏਗਾ ਕਿ ਰਾਖਵਾ ਇੱਕ ਪ੍ਰਤੀਸ਼ਤ ਦਾ ਘੱਟੋ-ਘੱਟ 90 ਪ੍ਰਤੀਸ਼ਤ ਸਿੱਧਾ ਸਕੂਲ ਨੂੰ ਜਾਵੇ।

ਮਾਪੇ ਅਤੇ ਪਰਿਵਾਰ ਦੇ ਮੈਂਬਰ ਇਸ ਨੀਤੀ ਦੇ ਵਿਕਾਸ ਵਿਚ ਕਿਵੇਂ ਸ਼ਾਮਲ ਹੋਣਗੇ (ESSA ਸੈਕਸ਼ਨ 1116[a][2][A], ਅਤੇ 1116[a][2][F])?

ਸੈਂਟਰਲ ਯੂਨੀਫਾਈਡ ਕਰੇਗਾ :

- ਡਿਸਟ੍ਰਿਕਟ ਮਾਤਾ-ਪਿਤਾ ਦੀ ਸ਼ਮੂਲੀਅਤ ਨੀਤੀ ਦੀ ਸਮੀਖਿਆ ਅਤੇ ਸੋਧ ਕਰਨ ਲਈ ਇੱਕ ਡਿਸਟ੍ਰੀਕਟ ਵਿਆਪੀ ਸਾਲਾਨਾ ਮੀਟਿੰਗ ਕਰੇਗਾ।
- ਪੇਰੈਂਟ ਐਡਵਾਈਜ਼ਰੀ ਕਮੇਟੀ (PAC), ਡਿਸਟ੍ਰਿਕਟ ਅੰਗਰੇਜੀ ਲਰਨਰ ਐਡਵਾਈਜ਼ਰੀ (DELAC) ਸਾਈਟ ਦੇ ਨੁਮਾਇੰਦਿਆਂ ਦਾ ਸਮਰਥਨ ਕਰੋ ਜਦ ਉਹ ਸਾਈਟ ਕਮੇਟੀਆਂ ਨਾਲ ਨੀਤੀ ਦੀ ਸਮੀਖਿਆ ਕਰਦੇ ਹਨ, ਪਛਾਣੀਆਂ ਗਈਆਂ ਰੁਕਾਵਟਾ ਦੀ ਰਿਪੋਰਟ ਕਰਦੇ ਹਨ ਅਤੇ ਨੀਤੀ ਨੂੰ ਸੁਧਾਰਨ ਲਈ ਸੁਝਾਅ ਦੇਣਗੇ।
- ਸਲਾਨਾ ਮਾਈਗਰੇਂਟ ਪੇਰੈਂਟ ਐਡਵਾਈਜ਼ਰੀ ਕਮੇਟੀ (MPAC) ਦੀ ਪਾਲਿਸੀ ਦੀ ਸਮੀਖਿਆ ਦਾ ਸਮਰਥਨ ਕਰਨਗੇ

- ਮਾਤਾ-ਪਿਤਾ ਦੀ ਉਪਲੱਬਧਤਾ ਅਤੇ ਹੋਰ ਲੋੜਾ ਨੂੰ ਪੂਰਾ ਕਰਨ ਲਈ ਵਾਧੂ ਮੀਟਿੰਗਾ ਦੀ ਪੇਸ਼ਕਸ਼ ਕਰੇਗਾ
- ਜ਼ਿਲ੍ਹਾ ਦਫ਼ਤਰ ਅਤੇ ਸਕੂਲ ਸਾਈਟਾਂ, ਫਲਾਇਰ, ਵੈੱਬਸਾਈਟ, ਅਤੇ ਨਿੱਜੀ ਫ਼ੋਨ ਕਾਲਾਂ ਅਤੇ ਪੇਰੈਂਟ ਸਕੁਏਅਰ 'ਤੇ ਏਜੰਡੇ ਪੋਸਟ ਕਰਕੇ ਸਾਲਾਨਾ ਟਾਈਟਲ 1 ਅਤੇ ਸਲਾਹਕਾਰ ਕਮੇਟੀ ਦੀ ਮੀਟਿੰਗ ਬਾਰੇ ਮਾਪਿਆਂ ਨੂੰ ਸੂਚਿਤ ਕਰੇਗਾ।
- ਲੋੜ ਅਨੁਸਾਰ ਬਾਲ-ਦੇਖਭਾਲ ਦੀ ਪੇਸ਼ਕਸ਼ ਕਰੇਗਾ।
- ਜਦ ਸੰਭਵ ਹੋਵੇ ਤਾ ਆਵਾਜਾਈ ਦੇ ਸਾਧਨ ਦੀ ਪੇਸ਼ਕਸ਼ ਕਰੇਗਾ।
- ਲੋੜ ਅਨੁਸਾਰ ਅੰਗਰੇਜ਼ੀ ਨਾ ਬੋਲਣ ਵਾਲੇ ਮਾਪਿਆਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਦੁਭਾਸ਼ੀਏ ਅਤੇ ਅਨੁਵਾਦਕ ਉਪਲਬੱਧ ਕਰੇਗਾ।

ਸਕੂਲ ਸੁਧਾਰ ਯੋਜਨਾਵਾਂ (ESSA ਸੈਕਸ਼ਨ 1116[a][2][A]) ਦੇ ਵਿਕਾਸ ਵਿਚ ਮਾਪੇ ਅਤੇ ਪਰਿਵਾਰ ਦੇ ਮੈਂਬਰ ਕਿਵੇ ਸ਼ਾਮਲ ਹੋਣਗੇ?

- ਸੈਂਟਰਲ USD ਮਾਪਿਆਂ ਨੂੰ ਸੰਗਠਨਾਤਮਕ ਢਾਂਚੇ ਅਤੇ ਸਕੂਲ ਸਾਈਟਾਂ ਦੀ ਅਕਾਦਿਮਕ ਪ੍ਰਗਤੀ ਅਤੇ ਸਲਾਹਕਾਰ ਕਮੇਟੀਆਂ (ਜਿਵੇ ਸਕੂਲ ਸਾਈਟ ਕਾਉਸਲ (SSC),ਪੇਰੈਂਟ ਐਡਵਾਇਜ਼ਰੀ ਕਮੇਟੀ(PAC), ਇੰਗਿਲਸ਼ ਲਰਨਰ ਐਡਵਾਈਜ਼ਰੀ ਕਮੇਟੀ (ELAC) ਅਤੇ ਡਿਸਟ੍ਰੀਕਟ ਇੰਗਿਲਸ਼ ਲਰਨਰ ਐਡਵਾਈਜ਼ਰੀ ਕਮੇਟੀ (DELAC) 'ਤੇ ਮਾਤਾ-ਪਿਤਾ ਦੀ ਮਹੱਤਵਪੂਰਨ ਭੂਮਿਕਾ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕਰਨ ਲਈ ਜ਼ਿਲਾ -ਵਿਆਪੀ ਸਾਲਾਨਾ ਮੀਟਿੰਗ ਦੀ ਮੇਜ਼ਬਾਨੀ ਕਰੇਗਾ।
- ਸਲਾਹਕਾਰ ਕਮੇਟੀਆ ਵਿਚ ਮਾਪਿਆਂ ਨੂੰ ਆਪਣੀ ਭੂਮਿਕਾ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਅਗਵਾਈ ਦੇ ਹੁਨਰਾਂ ਵਿਚ ਪੇਰਂਟ ਸਿਖਲਾਈ ਪ੍ਰਦਾਨ ਕਰਨ ਦੀ ਬੇਨਤੀ 'ਤੇ ਫਾਲੋ-ਅਪ ਮੀਟਿੰਗਾਂ ਦੀ ਪੇਸ਼ਕਸ਼ ਕਰੇਗਾ।
- ਪੈਕ (PAC), ਐਮ ਪੈਕ (MPAC), ਅਤੇ ਡੀਲੈਕ (DELAC) ਦੇ ਪ੍ਰਤੀਨਿਧੀਆਂ ਨੂੰ ਉਹਨਾ ਦੀਆਂ ਭੂਮਿਕਾਵਾਂ ਅਤੇ ਜਿਮੇਵਾਰੀਆ ਸੰਬੰਧੀ ਸਲਾਨਾ ਸਿਖਲਾਈ ਪ੍ਰਦਾਨ ਕਰੇਗਾ।

ਸਥਾਨਕ ਵਿੱਦਿਅਕ ਏਜੰਸੀ (LEA) ਵਿਦਿਆਰਥੀ ਦੀ ਅਕਾਦਿਮਕ ਪ੍ਰਾਪਤੀ ਅਤੇ ਸਕੂਲ ਵਿਚ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਲਈ ਪ੍ਰਭਾਵਸ਼ਾਲੀ ਮਾਤਾ-ਪਿਤਾ ਅਤੇ ਪਰਿਵਾਰਕ ਸ਼ਮੂਲੀਅਤ ਗਤੀਵਿਧੀਆਂ ਦੀ ਯੋਜਨਾ ਬਣਾਉਣ ਅਤੇ ਲਾਗੂ ਕਰਨ ਵਿੱਚ LEA ਦੇ ਅੰਦਰ ਸਾਰੇ ਭਾਗ ਲੈਣ ਵਾਲੇ ਸਕੂਲਾਂ ਦੀ ਸਹਾਇਤਾ ਅਤੇ ਸਮਰੱਥਾ ਨੂੰ ਬਣਾਉਣ ਲਈ ਜ਼ਰੂਰੀ ਤਾਲਮੇਲ, ਤਕਨੀਕੀ ਸਹਾਇਤਾ, ਅਤੇ ਹੋਰ ਸਹਾਇਤਾ ਕਿਵੇਂ ਪ੍ਰਦਾਨ ਕਰਦੀ ਹੈ? ਕੀ ਇਸ ਵਿਚ ਰੁਜ਼ਗਾਰਦਾਤਾਵਾਂ, ਕਾਰੋਬਾਰੀ ਨੇਤਾਵਾਂ, ਅਤੇ ਪਰਉਪਕਾਰੀ ਸੰਸਥਾਵਾ, ਜਾਂ ਮਾਪਿਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਸਿੱਖਿਆ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਮਲ ਕਰਨ ਵਿੱਚ ਮੁਹਾਰਤ ਵਾਲੇ ਵਿਅਕਤੀਆਂ ਨਾਲ ਅਰਥਪੂਰਨ ਸਲਾਹ-ਮਸ਼ਵਰਾ ਸ਼ਾਮਲ ਹੈ (ESSA ਸੈਕਸ਼ਨ1116 [a][2][B])?

• ਸਕੂਲੀ ਸਾਲ ਦੀ ਸ਼ੁਰੂਆਤ ਵਿੱਚ, ਡਿਸਟ੍ਰਿਕਟ ਸਕੂਲ ਸਾਈਟ ਪ੍ਰਬੰਧਕੀ ਟੀਮਾਂ ਨੂੰ ਖਾਸ ਦਿਸ਼ਾ-ਨਿਰਦੇਸ਼ਾਂ ਅਤੇ ਨਿਯਮਾਂ (ਜਿਵੇਂ ਕਿ ਮੈਂਬਰਸ਼ਿਪ ਅਤੇ ਦਫ਼ਤਰ ਦੀ ਹੋਲਿਡੰਗ ਕੰਪੋਜੀਸ਼ਨ, ਲੋੜੀਦੀਆਂ ਮੀਟਿੰਗਾ, ਮਿੰਟ ਦਾ ਫਾਰਮੈਟ, ਹਾਜ਼ਰੀ ਵਧਾਉਣ ਲਈ "ਕਿਵੇਂ " ਆਦਿ ) 'ਤੇ ਸਿਖਲਾਈ ਪ੍ਰਦਾਨ ਕਰੇਗਾ।

• ਪੂਰੇ ਸਾਲ ਦੌਰਾਨ, ਮਾਪਿਆਂ ਦੀ ਦਿਲਚਸਪੀ ਅਤੇ ਲੋੜ ਦੇ ਆਧਾਰ 'ਤੇ ਡਿਸਟ੍ਰਿਕਟ ਦਾ ਮਾਤਾ -ਪਿਤਾ ਸ਼ਮੂਲੀਅਤ ਵਿਭਾਗ, FCSS, ਸਿੱਖਿਆ ਅਤੇ ਲੀਡਰਸ਼ੀਪ ਫਾਊਂਡੇਸ਼ਨ, ਵੈਲੀ PBS (Centro La Famila, PIQU) ਅਤੇ ਹੋਰਾਂ ਦੁਆਰਾ ਪੇਸ਼ ਕੀਤੀ ਜਾਣ ਵਾਲੀ ਮਾਤਾ-ਪਿਤਾ ਦੀ ਸ਼ਮੂਲੀਅਤ ਸਿਖਲਾਈ ਬਾਰੇ ਸਰੋਤਾ ਦੀ ਜਾਣਕਾਰੀ ਸਕੂਲ ਸਾਈਟਾ ਨੂੰ ਪ੍ਰਦਾਨ ਕਰੇਗਾ।

•ਡਿਸਟ੍ਰੀਕਟ ਡਾਇਰੈਕਟਰ ਆਫ਼ ਸਟੇਟ ਅਤੇ ਫੈਡਰਲ ਪ੍ਰੋਗਰਾਮ, ਇੰਗਿਲਸ਼ ਲਰਨਰ/ਪ੍ਰਵਾਸੀ ਸੇਵਾਵਾਂ ਦੇ ਸੁਪਰਵਾਈਜ਼ਰ ਅਤੇ ਡਿਸਟ੍ਰੀਕਟ ਦੇ ਮਾਪਿਆ ਦੀ ਸ਼ਮੂਲੀਅਤ ਲਈ ਕੋਆਰਡੀਨੇਟਰ ਮਾਪਿਆਂ ਦੀ ਸ਼ਮੂਲੀਅਤ ਦੀਆਂ ਗਤਿਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵੱਖ-ਵੱਖ ਸਕੂਲ ਸਾਈਟਾਂ ਦੁਆਰਾ ਲੋੜੀਂਦੇ ਤੌਰ 'ਤੇ ਨਿਗਰਾਨੀ ਕਰਨ ਅਤੇ ਵਾਧੂ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹੋਣਗੇ।

• ਡਿਸਟ੍ਰਿਕਟ ਦੀ ਦੂਜੀ ਮੁੱਖ ਭਾਸ਼ਾ ਲਈ ਡਿਸਟ੍ਰਿਕਟ ਅਨੁਵਾਦਕਾਂ /ਟਰਾਂਸਲੇਟਰ ਦੀਆਂ ਸੇਵਾਵਾਂ ਪ੍ਰਦਾਨ ਕਰੇਗਾ।

ਸਥਾਨਕ ਵਿਦਿਅਕ ਏਜੰਸੀਆਂ ਹੋਰ ਸੰਬੰਧਿਤ ਸੰਘੀ, ਰਾਜ, ਸਥਾਨਕ ਕਾਨੂੰਨਾਂ ਅਤੇ ਪ੍ਰੋਗਰਾਮਾ (ESSA ਸੈਕਸ਼ਨ 1116[a][2][C], ਅਤੇ 1116[e][4])~(ਮਾਈਗ੍ਰੈਂਟ ਪ੍ਰੋਗਰਾਮ, ਸਟੇਟ ਪ੍ਰੀਸਕੂਲ, ਟਾਈਟਲ 3 ਈਐਲ/ਪMਵਾਸੀ) ਦੇ ਨਾਲ ਮਾਪੇ ਅਤੇ ਪਰਿਵਾਰਕ ਸ਼ਮੂਲੀਅਤ ਰਣਨੀਤੀਆਂ ਨੂੰ ਕਿਵੇਂ ਤਾਲਮੇਲ ਜਾਂ ਏਕੀਕ੍ਰਿਤ ਕਰਨਗੇ।

• ਉੱਪਰ ਦੱਸੇ ਪ੍ਰੋਗਰਾਮ ਕੋਆਰਡੀਨੇਟਰਾਂ ਨਾਲ ਮਾਪਿਆਂ ਦੀ ਸ਼ਮੂਲੀਅਤ ਦੇ ਸਰੋਤ ਸਾਂਝੇ ਕਰਕੇ

• ਪ੍ਰੋਗਰਾਮ ਪ੍ਰਬੰਧਕਾਂ ਨੂੰ ਡਿਸਟ੍ਰੀਕਟ-ਵਿਆਪੀ ਟਾਈਟਲ 1 ਸਾਲਾਨਾ ਮੀਟਿੰਗਾਂ ਲਈ ਸੱਦਾ ਦੇਕੇ

• ਪ੍ਰੋਗਰਾਮ ਪ੍ਰਬੰਧਕਾਂ ਨੂੰ ਸਕੂਲ ਦੀਆਂ ਸਾਈਟਾਂ ਨੂੰ ਮਾਪਿਆ ਲਈ ਪੇਸ਼ ਕੀਤੀਆਂ ਜਾਣ ਵਾਲੀਆਂ ਲੀਡਰਸ਼ਿਪ ਹੁਨਰਾਂ ਅਤੇ ਹੋਰ ਸਿਖਲਾਈਆਂ ਲਈ ਸੱਦਾ ਦੇ ਕੇ

• ਉਪਲੱਬਧ ਸਰੋਤਾਂ ਦਾ ਮੁਲਾਂਕਣ ਕਰਨ ਅਤੇ ਉਹਨਾਂ ਦੀ ਵਰਤੋਂ ਕਰਨ ਵਿਚ ਮਦਦ ਕਰਨ ਲਈ ਪ੍ਰੋਗਰਾਮ ਪ੍ਰਬੰਧਕਾਂ ਨਾਲ ਮਿਲ ਕੇ ਕੰਮ ਕਰਕੇ

ਟਾਈਟਲ I, ਭਾਗ A ਦੇ ਅਧੀਨ ਦਿਤੇ ਗਏ ਸਾਰੇ ਸਕੂਲਾਂ ਦੀ ਅਕਾਦਿਮਕ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਇਸ ਨੀਤੀ ਦੀ ਸਮੱਗਰੀ ਅਤੇ ਪ੍ਰਭਾਵਸ਼ੀਲਤਾ ਦਾ ਸਾਲਾਨਾ ਮੁਲਾਂਕਣ, ਮਾਪਿਆਂ ਅਤੇ ਪਰਿਵਾਰਕ ਮੈਂਬਰਾਂ ਦੀ ਸਾਰਥਕ ਸ਼ਮੂਲੀਅਤ ਨਾਲ, ਸਥਾਨਕ ਵਿਦਿਅਕ ਏਜੰਸੀ (LEA) ਕਿਵੇਂ ਕੰਮ ਕਰੇਗੀ ਅਤੇ ਸਬੂਤ-ਆਧਾਰਿਤ ਰਣਨੀਤੀਆਂ ਤਿਆਰ ਕਰਨ ਲਈ ਖੋਜ ਦੀ ਵਰਤੋਂ ਕਿਸ ਤਰਾਂ ਕੀਤੀ ਜਾਵੇਗੀ। (ESSA ਸੈਕਸ਼ਨ 1116[a][2][D], ਅਤੇ 1116[a][2][E])?

• ਸਲਾਨਾ ਤੌਰ 'ਤੇ ਡਿਸਟ੍ਰੀਕਟ ਹੇਠਾ ਦਿਤੇ ਇੱਕ ਜਾਂ ਸਾਰੇ ਤਰੀਕਿਆਂ ਦੀ ਵਰਤੋਂ ਕਰਕੇ ਟਾਈਟਲ 1 ਮਾਪਿਆਂ ਦਾ ਸਰਵੇਖਣ ਕਰੇਗਾ: LCAP ਸਰਵੇਖਣ, ਸਾਲਾਨਾ ਮੀਟਿੰਗ, ਸਲਾਹਕਾਰ ਕਮੇਟੀ ਦੀਆਂ ਮੀਟਿੰਗਾ ਪੇਰੈਂਟ ਸਕੁਏਅਰ ਸਰਵੇਖਣ, ਵੈਬ ਅਧਾਰਤ ਟੂਲ, ਸਾਈਟਾ 'ਤੇ ਪੇਸ਼ ਕਰਨ ਅਤੇ ਸਮਿਖਿਆ ਕਰਨ ਲਈ ਡੀਲੈਕ (DELAC) ਅਤੇ ਪੈਕ(PAC) ਕਮੇਟੀ ਦੇ ਪ੍ਰਤੀਨਿਧਾਂ ਨੂੰ ਸਮੱਗਰੀ ਪ੍ਰਦਾਨ ਕਰਕੇ ਆਦਿ ; ਸਕੂਲ ਸਾਈਟ ਮਾਪਿਆਂ ਦੀ ਸ਼ਮੂਲੀਅਤ ਨੀਤੀਆਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਕੇ।

• ਲੋੜ ਅਨੁਸਾਰ ਗੈਰ-ਅੰਗਰੇਜ਼ੀ ਬੋਲਣ ਵਾਲੇ ਮਾਪਿਆਂ ਲਈ ਸਰਵੇਖਣ ਦੇ ਨਤੀਜਿਆਂ ਦਾ ਅਨੁਵਾਦ ਕਰਕੇ।

ESSA ਸੈਕਸ਼ਨ 1116 ਦੁਆਰਾ ਅਧਿਕਾਰਤ ਗਤੀਵਿਧੀਆਂ ਵਿਚ ਮਾਪਿਆਂ ਦੁਆਰਾ ਵੱਧ ਤੋਂ ਵੱਧ ਭਾਗੀਦਾਰੀ ਲਈ ਕੀ ਰੁਕਾਵਟਾ ਹਨ? ਕਿਰਪਾ ਕਰਕੇ ਖਾਸ ਧਿਆਨ ਦੇ ਨਾਲ ਨੋਟ ਕਰੋ, ਮਾਪੇ ਅਤੇ ਪਰਿਵਾਰਕ ਮੈਂਬਰ ਜੋ ਆਰਿਥਕ ਤੌਰ 'ਤੇ ਪਛੜੇ ਹੋਏ ਹਨ, ਅਪਾਹਜ ਹਨ, ਸੀਮਤ ਅੰਗਰੇਜ਼ੀ ਬੋਲਦੇ ਹਨ, ਸੀਮਤ ਸਾਖਰਤਾ ਰੱਖਦੇ ਹਨ, ਜਾਂ ਕਿਸੇ ਨਸਲ ਜਾਂ ਨਸਲੀ ਘੱਟ ਗਿਣਤੀ ਪਿਛੋਕੜ ਵਾਲੇ ਹਨ (ESSA ਸੈਕਸ਼ਨ 1116[a][2][D][] i]):

- ਨਤੀਜੇ ਦੋਵੇ ਡਿਸਟ੍ਰਿਕਟ ਅਤੇ ਸਾਈਟ ਪੱਧਰ 'ਤੇ ਸਾਝੇਂ ਕੀਤੇ ਜਾਣਗੇ ਅਤੇ ਜੇਕਰ ਲੋੜ ਹੋਵੇ, ਤਾ ਉਹਨਾ ਦੀ ਸਬੰਧਿਤ ਮਾਤਾ-ਪਿਤਾ ਦੀ ਸ਼ਮੂਲੀਅਤ ਨੀਤੀ ਨੂੰ ਸੋਧਣ ਦੇ ਉਦੇਸ਼ ਲਈ ਜ਼ਰੂਰੀ ਸਮਝੀਆਂ ਗਈਆਂ ਵਿਅਕਤੀਗਤ ਸਕੂਲ ਸਾਈਟਾਂ ਨੂੰ ਡਿਸਟ੍ਰਿਕਟ ਵੱਲੋ ਤਕਨੀਕੀ ਸਹਾਇਤਾ ਦੀ ਪੇਸ਼ਕਸ਼ ਕੀਤੀ ਜਾਵੇਗੀ।
- ਮਾਪੇ ਸਕੂਲ ਸਾਈਟ ਪ੍ਰਸ਼ਾਸਕਾਂ ਦੇ ਨਾਲ ਮਿਲ ਕੇ ਪਛਾਣੀਆਂ ਗਈਆਂ ਰੁਕਾਵਟਾਂ ਨੂੰ ਹੱਲ ਕਰਨਗੇ ਅਤੇ ਆਪਣੀ ਮਾਤਾ-ਪਿਤਾ ਦੀ ਸ਼ਮੂਲੀਅਤ ਨੀਤੀ ਵਿਚ ਕਿਸੇ ਤਰਾਂ ਦੀਆਂ ਵੀ ਲੋੜੀਂਦੀਆ ਤਬਦੀਲੀਆਂ/ਸੋਧਾ ਕਰਨਗੇ।

ਮਾਪਿਆਂ ਅਤੇ ਪਰਿਵਾਰਕ ਮੈਬਰਾਂ ਦੀਆਂ ਕੀ ਲੋੜਾ ਹਨ ਤਾਂ ਜੋ ਉਹ ਸਕੂਲ ਦੇ ਕਰਮਚਾਰੀਆਂ ਅਤੇ ਅਧਿਆਪਕਾਂ (ESSA ਸੈਕਸ਼ਨ 1116[a][2][D][ii]) ਦੇ ਨਾਲ ਜੁੜਨ ਸਮੇਤ ਆਪਣੇ ਬੱਚਿਆਂ ਦੀ ਸਿਖਣ ਵਿਚ ਸਹਾਇਤਾ ਕਰ ਸਕਣ?

ਸਕੂਲ ਡਿਸਟ੍ਰਿਕਟ, ਸਕੂਲਾਂ ਦੀ ਸਹਾਇਤਾ ਨਾਲ, ਮਾਪਿਆਂ ਦੀ ਆਪਣੇ ਬੱਚਿਆਂ ਦੀ ਅਕਾਦਿਮਕ ਪ੍ਰਾਪਤੀ, ਜਿਵੇਂ ਕਿ ਸਾਖਰਤਾ ਸਿਖਲਾਈ, ਅਤੇ ਤਕਨਾਲੋਜੀ ਦੀ ਵਰਤੋਂ ਕਰਕੇ, ਮਾਪਿਆਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਉਹਨਾਂ ਦੇ ਬੱਚਿਆਂ ਨਾਲ ਕੰਮ ਕਰਨ ਵਿਚ ਮਦਦ ਕਰਨ ਲਈ ਸਮੱਗਰੀ ਅਤੇ ਸਿਖਲਾਈ ਪ੍ਰਦਾਨ ਕਰੇਗਾ:

- ਸਕੂਲ ਸਾਈਟ ਪ੍ਰਸ਼ਾਸਕਾਂ ਅਤੇ/ ਜਾਂ ਮਾਤਾ-ਪਿਤਾ ਸਲਾਹਕਾਰ ਕਮੇਟੀਆਂ ਨੂੰ ਉਹਨਾਂ ਦੀ ਵਿਅਕਤੀਗਤ ਸਾਈਟ 'ਤੇ ਵਿਚਾਰ ਕਰਨ ਲਈ ਸਫਲ ਸਾਖਰਤਾ ਪ੍ਰੋਗਰਾਮਾਂ ਦੀਆਂ ਪੇਸ਼ਕਾਰੀਆਂ ਦਾ ਆਯੋਜਨ ਕਰਕੇ।
- ਚੁਣੇ ਗਏ ਸਾਖਰਤਾ ਪ੍ਰੋਗਰਾਮਾਂ ਅਤੇ ਤਕਨਾਲੋਜੀ ਨੂੰ ਲਾਗੂ ਕਰਨ ਵਿਚ ਸਾਈਟ ਪ੍ਰਸ਼ਾਸਕਾਂ ਨੂੰ ਤਕਨੀਕੀ ਸਹਾਇਤਾ ਦੀ ਪੇਸ਼ਕਸ਼ ਕਰਕੇ।
- ਕਲਾਸ(CLASS) ਵਿਚ ਸਾਖਰਤਾ ਅਤੇ ਤਕਨਾਲੋਜੀ ਵਿੱਚ ਬਾਲਗ ਸਿਖਿਆ ਦੇ ਮੌਕਿਆਂ ਨੂੰ ਉਤਸ਼ਾਹਿਤ ਕਰਕੇ
- ਸਕੂਲ-ਪੇਰੈਂਟ ਕੰਪੈਕਟ ਦੇ ਵਿਕਾਸ ਅਤੇ ਉਸ ਨੂੰ ਲਾਗੂ ਕਰਨ ਵਿਚ ਸਾਈਟਾਂ ਦਾ ਸਮਰਥਨ ਕਰਕੇ

ਸਫਲ ਸਕੂਲ ਅਤੇ ਪਰਿਵਾਰਕ ਪਰਸਪਰ ਕਿਰਿਆਵਾਂ (ESSA ਸੈਕਸ਼ਨ 1116[a][2][D][iii]) ਦਾ ਸਮਰਥਨ ਕਰਨ ਲਈ ਕਿਹੜੀਆਂ ਰਣਨੀਤੀਆਂ ਵਰਤੀਆਂ ਜਾਂਦੀਆਂ ਹਨ?

ਸੈਂਟਰਲ ਯੂਨੀਫਾਈਡ ਸਾਈਟਾਂ 'ਤੇ ਕੰਮ ਕਰ ਰਹੇ ਸਾਰੇ ਕਮਿਊਨਟੀ ਅਤੇ ਫੈਮਲੀ ਆਊਟਰੀਚ ਲਇਸੈਂਸ ਅਤੇ ਪ੍ਰਸ਼ਾਸਨ ਦੀਆਂ ਟੀਮਾਂ ਲਈ ਚੱਲ ਰਹੀ ਪੇਸ਼ੇਵਰ ਸਿਖਲਾਈ ਪ੍ਰਦਾਨ ਕਰਕੇ ਸਫਲ ਸਕੂਲ ਅਤੇ ਪਰਿਵਾਰਕ ਅੰਤਰਿਕਿਰਆਵਾਂ ਦਾ ਸਮਰਥਨ ਕਰਦਾ ਹੈ। ਡਿਸਟ੍ਰਿਕਟ ਸਰੋਤਾਂ ਦੀ ਇਕਸਾਰਤਾ, ਭਾਈਚਾਰਕ ਭਾਈਵਾਲੀ, ਅਤੇ ਸਕੂਲਾਂ ਅਤੇ ਪਰਿਵਾਰਾਂ ਨੂੰ ਉਪਲਬਧ ਸਿਖਲਾਈ ਦੇ ਮੌਕਿਆਂ ਨਾਲ ਜੋੜਨ ਦੀ ਸਹੂਲਤ ਵੀ ਦਿੰਦਾ ਹੈ।

ਸਥਾਨਕ ਵਿਦਿਅਕ ਏਜੰਸੀਆ (LEAs) ਪ੍ਰਭਾਵਸ਼ਾਲੀ ਮਾਪਿਆਂ ਅਤੇ ਪਰਿਵਾਰਕ ਸ਼ਮੂਲੀਅਤ ਗਤੀਵਿਧੀਆਂ ਦੀ ਯੋਜਨਾ ਬਣਾਉਣ

ਅਤੇ ਲਾਗੂ ਕਰਨ ਵਿਚ ਸਕੂਲਾਂ ਦੀ ਸਹਾਇਤਾ ਲਈ ਤਾਲਮੇਲ, ਤਕਨੀਕੀ ਸਹਾਇਤਾ, ਅਤੇ ਹੋਰ ਸਹਾਇਤਾ ਪ੍ਰਦਾਨ ਕਰਦੇ ਹਨ। ਇਸ ਵਿੱਚ, ਕਾਰੋਬਾਰੀ ਨੇਤਾਵਾਂ, ਪਰਉਪਕਾਰੀ ਸੰਸਥਾਵਾ, ਜਾਂ ਵਿਅਕਤੀਆਂ ਨਾਲ ਸਲਾਹ-ਮਸ਼ਵਰਾ ਸ਼ਾਮਲ ਹੋ ਸਕਦਾ ਹੈ। ਮਾਪਿਆਂ ਨੂੰ ਕਿਹੜੀ ਤਕਨੀਕੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ (ESSA ਸੈਕਸ਼ਨ 1116[a][3][A])?

ਸੈਂਟਰਲ ਯੂਨੀਫਾਈਡ ਕਰੇਗਾ:

• ਮਾਪਿਆਂ ਦੀ ਸ਼ਮੂਲੀਅਤ ਦੇ ਖੇਤਰ ਵਿੱਚ ਪੇਸ਼ ਕੀਤੀਆਂ ਜਾਣ ਵਾਲੀਆਂ ਵਰਕਸ਼ਾਪਾਂ , ਕਾਨਫਰੰਸਾਂ ਅਤੇ ਕਲਾਸਾਂ ਬਾਰੇ ਸਕੂਲ ਸਾਈਟ ਪ੍ਰਸ਼ਾਸਕਾਂ ਨੂੰ ਜਾਣਕਾਰੀ ਉਪਲਬਧ ਕਰਵਾਏਗਾ।

• ਜਿੰਨਾ ਸੰਭਵ ਹੋ ਸਕੇ ਉਚ ਲੋੜਾਂ ਵਾਲੇ ਸਕੂਲਾਂ ਵਿਚ ਸਿਖਲਾਈ ਪ੍ਰਾਪਤ ਦੋ-ਭਾਸ਼ੀ ਕਮਿਊਨਟੀ ਸਪੰਰਕ ਅਧਿਕਾਰੀ ਦੁਆਰਾ ਮਾਪਿਆਂ ਨੂੰ ਸੇਵਾਵਾਂ ਅਤੇ ਪਹੁੰਚ ਪ੍ਰਦਾਨ ਕਰਵਾਏਗਾ

• ਲੋੜ ਅਨੁਸਾਰ ਅਨੁਵਾਦ ਅਤੇ ਵਿਆਖਆ ਲਈ ਸਕੂਲ ਸਾਈਟਾਂ ਨੂੰ ਸਰੋਤ ਉਪਲਬਧ ਕਰਵਾਓ

• ਜਾਣਕਾਰੀ ਵਾਲੇ ਫਲਾਇਰ, ਡਿਸਟ੍ਰਿਕਟ ਅਤੇ ਸਕੂਲ ਸਾਈਟ ਵੈਬਸਾਈਟਾਂ, ਨਿਜੀ ਫ਼ੋਨ ਕਾਲਾਂ ਅਤੇ ਪੇਰੈਂਟ ਸਕੁਏਅਰ ਸੁਨੇਹਿਆਂ ਰਾਹੀਂ ਮਾਪਿਆਂ ਨੂੰ ਮਾਪਿਆਂ ਦੀ ਸ਼ਮੂਲੀਅਤ ਵਾਲੇ ਸਮਾਗਮਾਂ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕਰੋ।

•ਡਿਸਟ੍ਰਿਕਟ ਜਾਂ ਸਾਈਟ ਦੁਆਰਾ ਸਪਾਂਸਰ ਕੀਤੇ ਮਾਪਿਆਂ ਦੀ ਸਿੱਖਿਆ ਦੇ ਮੌਕੇ ਪੇਸ਼ ਕਰੋ ਜਿਵੇ ਕਿ ਹੇਠਾਂ ਦਿਤੇ ਤੱਕ ਸੀਮਿਤ ਨਹੀ :

- ਸੈਟਰਲ ਯੂਨੀਫਾਈਡ ਪੇਰੈਂਟ ਐਜੂਕੇਸ਼ਨ ਕੋਰਸ ਅਤੇ ਸਮਾਗਮ
- ਈਐਲ ਵਰਕਸ਼ਾਪ ਅਤੇ ਸ਼ਨੀਵਾਰ ਸਕੂਲ
- ਵਿਦਿਆਰਥੀ ਪ੍ਰਾਪਤੀ ਲਈ ਮਾਤਾ-ਪਿਤਾ ਦੀਆਂ ਉਮੀਦਾਂ (PESA)
- FCSS ਪੇਰੈਂਟ ਇੰਸਟੀਚਿਊਟ ਵਰਕਸ਼ਾਪਾਂ
- ਪਾਲਣ ਪੋਸ਼ਣ ਸਾਥੀ/ਪੇਰੰਟਿੰਗ ਪਾਰਟਨਰ
- ਪੇਰੈਂਟ ਪਰਾਜੈਕਟ ਅਤੇ ਸਕਾਰਾਤਮਕ ਅਨੁਸ਼ਾਸਨ ਪ੍ਰੋਗਰਾਮ

ਸਥਾਨਕ ਵਿੱਦਿਅਕ ਏਜੰਸੀਆ (LEAs) ਮਾਤਾ-ਪਿਤਾ ਅਤੇ ਪਰਿਵਾਰਕ ਰੁਝੇਵਿਆਂ ਦੀਆਂ ਲੋੜਾਂ (ESSA ਸੈਕਸ਼ਨ 1116[a][3][A]) ਨੂੰ ਪੂਰਾ ਕਰਨ ਲਈ ਟਾਈਟਲ I, ਭਾਗ A ਫੰਡਾਂ ਦਾ 1 ਪ੍ਰਤੀਸ਼ਤ ਕਿਵੇ ਰਾਖਵਾਂ ਰੱਖਣਗੇ? LEA ਮਾਪਿਆਂ ਅਤੇ ਪਰਿਵਾਰਕ ਰੁਝੇਵਿਆਂ ਲਈ ਫੰਡ ਕਿਵੇਂ ਅਲਾਟ ਕਰਨਗੇ (ESSA ਸੈਕਸ਼ਨ 1116[a][3][B])?

ਸੈਂਟਰਲ ਯੂਨੀਫਾਈਡ ਟਾਈਟਲ I, ਭਾਗ A ਦੇ ਸਕੂਲਾਂ ਵਿਚ ਸੇਵਾਂਵਾ ਲੈਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਸ਼ਾਮਲ ਕਰੇਗਾ, ਇਸ ਬਾਰੇ ਫੈਸਿਲਆਂ ਵਿਚ ਕਿ ਮਾਪਿਆਂ ਦੀ ਸ਼ਮੂਲੀਅਤ ਲਈ ਰਾਖਵਾ ਟਾਈਟਲ I, ਭਾਗ A ਫੰਡਾਂ ਦਾ 1 ਪ੍ਰਤੀਸ਼ਤ ਕਿਵੇਂ ਖਰਿਚਆ ਜਾਂਦਾ ਹੈ, ਅਤੇ ਇਹ ਯਕੀਨੀ ਬਣਾਏਗਾ ਕਿ ਇੱਕ ਪ੍ਰਤੀਸ਼ਤ ਰਾਖਵੇਂ ਇਸ ਫੰਡ ਦਾ ਘੱਟੋ-ਘੱਟ 95 ਪ੍ਰਤੀਸ਼ਤ ਸਿੱਧਾ ਸਕੂਲਾਂ ਨੂੰ ਜਾਵੇ।

ਸਥਾਨਕ ਵਿਦਿਅਕ ਏਜੰਸੀਆ (LEAs) ਸਕੂਲਾਂ ਨੂੰ 1 ਪ੍ਰਤੀਸ਼ਤ ਰਿਜ਼ਰਵ ਦਾ 90 ਪ੍ਰਤੀਸ਼ਤ ਕਿਵੇਂ ਵੰਡਣਗੇ (ESSA ਸੈਕਸ਼ਨ 1116[a][3][C])?

ਸੈਂਟਰਲ ਯੂਨੀਫਾਈਡ ਸਕੂਲ ਪਲਾਨ ਫਾਰ ਸਟੂਡੈਂਟ ਅਚੀਵਮੈਂਟ (SPSA) ਵਿੱਚ ਪ੍ਰਵਾਨਿਤ ਮਾਤਾ-ਮਿਤਾ ਦੀ ਸ਼ਮੂਲੀਅਤ ਦੀਆਂ ਗਤੀਵਿਧੀਆਂ ਲਈ ਨਿਰਧਾਰਤ ਕੀਤੇ ਗਏ 1% ਵਿਚੋਂ 90% ਨੂੰ ਸਿੱਧੇ ਤੌਰ 'ਤੇ ਸਾਈਟਾਂ ਨੂੰ ਵੰਡੇਗਾ।

ਸਥਾਨਕ ਵਿੱਦਿਅਕ ਏਜੰਸੀਆ (LEAs) ਮਾਪਿਆਂ ਅਤੇ ਪਰਿਵਾਰਾਂ ਨੂੰ ਰਾਜ ਦੇ ਅਕਾਦਿਮਕ ਮਿਆਰਾਂ, ਰਾਜ ਅਤੇ ਸਥਾਨਕ ਅਕਾਦਿਮਕ ਮੁਲਾਂਕਣਾਂ, ਟਾਈਟਲ I, ਭਾਗ ਏ ਦੀਆਂ ਲੋੜਾਂ, ਆਪਣੇ ਬੱਚੇ ਦੀ ਪ੍ਰਗਤੀ ਦੀ ਨਿਗਰਾਨੀ ਕਿਵੇ ਕਰਨੀ ਹੈ, ਅਤੇ ਸਾਰੇ ਵਿਦਿਆਰਥੀਆਂ ਨੂੰ ਸਫਲ ਹੋਣ ਵਿਚ ਮਦਦ ਕਰਨ ਲਈ ਸਿੱਖਿਅਕਾਂ ਨਾਲ ਕਿਵੇਂ ਕੰਮ ਕਰਨਾ ਹੈ (ESSA ਸੈਕਸ਼ਨ) ਨੂੰ ਸਮਝਣ ਵਿਚ ਸਹਾਇਤਾ ਕਿਵੇਂ ਪ੍ਰਦਾਨ ਕਰਨਗੇ। 1116[e][1])?

ਸੈਂਟਰਲ ਯੂਨੀਫਾਈਡ ਹੇਠਾਂ ਦਿਤੇ ਵਿਸ਼ਿਆਂ 'ਤੇ ਕਲਾਸਾਂ ਅਤੇ ਵਰਕਸ਼ਾਪਾਂ ਦੀ ਪੇਸ਼ਕਸ਼ ਕਰਕੇ ਮਾਪਿਆਂ ਅਤੇ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰੇਗਾ:

•ਕੈਲੀਫੋਰਨੀਆ ਦੇ ਅਕਾਦਿਮਕ ਸਮੱਗਰੀ ਦੇ ਸਟੈਂਡਰਡ

• ਮੁਲਾਂਕਣ ਨਤੀਜੇ (ਜਿਵੇਂ ਕਿ ELPAC, ਕੈਲੀਫੋਰਨੀਆ ਅਸੈਸਮੈਂਟ ਆਫ਼ ਸਟੂਡੈਂਟ ਪਰਫਾਰਮੈਂਸ ਐਂਡ ਪ੍ਰੋਗਰਾਮ (CAASPP), ਡਿਸਟ੍ਰਿਕਟ ਬੈਂਚਮਾਰਕ ਅਸੈਸਮੈਂਟ, ਆਦਿ)

• ਭਾਗ A ਦੀਆਂ ਲੋੜਾਂ

• ਆਪਣੇ ਬੱਚੇ ਦੀ ਪ੍ਰਗਤੀ ਦੀ ਨਿਗਰਾਨੀ ਕਰਨਾ

• ਸਿੱਖਿਅਕਾਂ ਨਾਲ ਕੰਮ ਕਰਨਾ

• ਮਾਪਿਆਂ ਦੁਆਰਾ ਪਛਾਣੇ ਗਏ ਦਿਲਚਸਪੀ ਅਤੇ ਲੋੜ ਦੇ ਵਿਸ਼ੇ

ਸਥਾਨਕ ਵਿਦਿਦਅਕ ਏਜੰਸੀਆ (LEAs) ਮਾਪਿਆਂ ਅਤੇ ਪਰਿਵਾਰਾਂ ਨੂੰ ਉਹਨਾਂ ਦੀ ਪ੍ਰਾਪਤੀ ਨੂੰ ਬਿਹਤਰ ਬਣਾਉਣ ਲਈ ਉਹਨਾਂ ਦੇ ਬੱਚਿਆਂ ਨਾਲ ਕੰਮ ਕਰਨ ਵਿਚ ਮਦਦ ਕਰਨ ਲਈ ਸਮੱਗਰੀ ਅਤੇ ਸਿਖਲਾਈ ਕਿਵੇ ਪ੍ਰਦਾਨ ਕਰਨਗੇ, ਜਿਵੇਂ ਕਿ ਸਾਹਿਤਕ ਸਿਖਲਾਈ ਅਤੇ ਤਕਨਾਲੋਜੀ ਦੀ ਵਰਤੋਂ ਕਰਨਾ (ESSA ਸੈਕਸ਼ਨ 1116[e][2])?

ਸੈਂਟਰਲ ਯੂਨੀਫਾਈਡ ਕਰੇਗਾ:

• ਚੁਣੇ ਗਏ ਸਾਖਰਤਾ ਪ੍ਰੋਗਰਾਮਾਂ ਅਤੇ ਤਕਨਾਲੋਜੀ ਜਿਵੇ ਕਿ ਐਕਸਲਰਿਟਡ (ਤੇਜ਼ ਗਤੀ) ਰੀਡਰ, ST ਮੈਥ (Imagine Learning, iready,and paper.co.ਇਮੇਜਿਨ ਲਰਨਿੰਗ ਆਈ ਰੈਡੀ ਅਤੇ ਪੇਪਰ. ਕੋ) ਨੂੰ ਲਾਗੂ ਕਰਨ ਵਿਚ ਸਾਈਟ ਪ੍ਰਕਾਸ਼ਕਾਂ ਨੂੰ ਸਕੂਲ 2 ਹੋਮ ਪ੍ਰੋਗਰਾਮ ਦੇ ਨਾਲ-ਨਾਲ ਤਕਨੀਕੀ ਸਹਾਇਤਾ ਦੀ ਪੇਸ਼ਕਸ਼ ਕਰਨਗੇ।

• ਕਲਾਸ (CLASS) ਵਿਚ ਸਾਖਰਤਾ ਅਤੇ ਤਕਨਾਲੋਜੀ ਵਿਚ ਬਾਲਗ ਸਿੱਖਿਆ ਦੇ ਮੌਕਿਆਂ ਨੂੰ ਉਤਸ਼ਾਹਿਤ ਕਰੇਗਾ

•ਲਾਤਿਨ ਸਾਖਰਤਾ ਪਰਾਜੈਕਟ

• ਲੇਖਕਾਂ ਨਾਲ ਮੁਲਾਕਾਤਾਂ , ਸਾਖਰਤਾ ਅਤੇ ਪਰਿਵਾਰਕ ਰਾਤਾਂ (ਫੈਮਲੀ ਨਾਈਟਸ)

ਮਾਪਿਆਂ ਅਤੇ ਪਰਿਵਾਰਾਂ ਦੇ ਯੋਗਦਾਨ ਦੇ ਮੁੱਲ ਅਤੇ ਉਪਯੋਗਤਾ ਵਿੱਚ, ਮਾਪਿਆਂ ਅਤੇ ਪਰਿਵਾਰਾਂ ਦੀ ਸਹਾਇਤਾ ਨਾਲ, ਸਥਾਨਕ ਵਿੱਦਿਅਕ ਏਜੰਸੀਆ (LEAs) ਅਧਿਆਪਕਾਂ, ਨਿਰਦੇਸ਼ਕ ਸਹਿਯੋਗੀ ਸਟਾਫ਼, ਪ੍ਰਿੰਸੀਪਲ, ਅਤੇ ਸਕੂਲ ਦੇ ਹੋਰ ਲੀਡਰਾਂ ਅਤੇ ਸਟਾਫ ਨੂੰ ਕਿਵੇਂ ਸਿਖਿਅਤ ਕਰਨਗੇ, ਅਤੇ ਉਹਨਾਂ ਤੱਕ ਪਹੁੰਚ ਕਰਨਗੇ, ਉਹਨਾਂ ਨਾਲ ਸੰਚਾਰ ਕਰਨਗੇ ਅਤੇ ਉਹਨਾਂ ਨਾਲ ਕੰਮ ਕਰਨਗੇ। ਮਾਪੇ ਅਤੇ ਪਰਿਵਾਰ ਬਰਾਬਰ ਹਿਸੇਦਾਰਾਂ ਵਜੋਂ , ਮਾਪਿਆਂ ਅਤੇ ਪਰਿਵਾਰਾਂ, ਅਤੇ ਸਕੂਲ (ESSA ਸੈਕਸ਼ਨ 1116[e][3]) ਵਿਚਕਾਰ

ਸਬੰਧ ਬਣਾਉਣ ਲਈ ਮਾਪਿਆਂ ਅਤੇ ਪਰਿਵਾਰਕ ਪ੍ਰੋਗਰਾਮਾਂ ਨੂੰ ਲਾਗੂ ਕਰਨਾ ਅਤੇ ਤਾਲਮੇਲ ਕਰਨਾ?

ਸੈਂਟਰਲ ਯੂਨੀਫਾਈਡ ਕਰੇਗਾ:

- ਉਪਲਬਧ ਸਰੋਤਾਂ ਬਾਰੇ ਸਾਈਟ ਪ੍ਰਸ਼ਾਸਕਾਂ ਨਾਲ ਜਾਣਕਾਰੀ ਸਾਂਝੀ ਕਰੇਗਾ ਕਿ ਅਧਿਆਪਕ ਕਿਵੇਂ ਪਹੁੰਚ ਕਰ ਸਕਦੇ ਹਨ ਅਤੇ ਮਾਪਿਆਂ ਨਾਲ ਸਿੱਖਿਆ ਵਿੱਚ ਬਰਾਬਰ ਭਾਈਵਾਲਾਂ ਵਜੋ ਕਿਵੇਂ ਕੰਮ ਕਰ ਸਕਦੇ ਹਨ
- ਡਿਸਟ੍ਰਿਕਟ ਮਾਤਾ-ਪਿਤਾ ਸ਼ਮੂਲੀਅਤ ਕੋਆਰਡੀਨੇਟਰ ਦੀਆਂ ਸੇਵਾਵਾਂ ਪ੍ਰਦਾਨ ਕਰੇਗਾ

ਸਥਾਨਕ ਵਿੱਦਿਅਕ ਏਜੰਸੀਆ (LEAs) ਪਬਿਲਕ ਪ੍ਰੀਸਕੂਲ ਪ੍ਰੋਗਰਾਮਾਂ ਸਮੇਤ ਹੋਰ ਸੰਘੀ, ਰਾਜ, ਅਤੇ ਸਥਾਨਕ ਪ੍ਰੋਗਰਾਮਾਂ ਦੇ ਨਾਲ ਮਾਪਿਆਂ ਅਤੇ ਪਰਿਵਾਰਕ ਸ਼ਮੂਲੀਅਤ ਪ੍ਰੋਗਰਾਮਾਂ ਨੂੰ ਕਿਵੇ ਤਾਲਮੇਲ ਅਤੇ ਏਕੀਕ੍ਰਤ ਕਰਨਗੇ, ਅਤੇ ਹੋਰ ਗਤਿਵਿਧੀਆਂ ਜਿਵੇ ਕਿ ਮਾਤਾ-ਪਿਤਾ ਅਤੇ ਪਰਿਵਾਰਕ ਸਰੋਤ ਕੇਦਰਾਂ ਨੂੰ ਸੰਚਾਲਿਤ ਕਰਨਾ ਜੋ ਮਾਪਿਆਂ ਅਤੇ ਪਰਿਵਾਰਾਂ ਨੂੰ ਉਹਨਾਂ ਦੇ ਬੱਚਿਆਂ ਦੀ ਸਿੱਖਿਆ ਵਿਚ ਪੂਰੀ ਤਰਾਂ ਨਾਲ ਭਾਗ ਲੈਣ ਲਈ ਉਤਸ਼ਾਹਿਤ ਅਤੇ ਸਮਰਥਨ ਕਰਨਗੇ। (ESSA ਸੈਕਸ਼ਨ 1116[e][4])?

ਸੈਂਟਰਲ ਯੂਨੀਫਾਈਡ ਕਰੇਗਾ:

- ਪ੍ਰੋਗਰਾਮਾਂ ਕੋਆਰਡੀਨੇਟਰਾਂ (ਟਾਈਟਲ II, ਟਾਈਟਲ III, ਮਾਈਗ੍ਰੈਂਟ, ਪ੍ਰੀਸਕੂਲ) ਨਾਲ ਮਾਪਿਆਂ ਦੀ ਸ਼ਮੂਲੀਅਤ ਦੇ ਸਰੋਤ ਸਾਂਝੇ ਕਰਕੇ



- ਪ੍ਰੋਗਰਾਮ ਪ੍ਰਬੰਧਕਾਂ ਨੂੰ ਜ਼ਿਲਾ -ਵਿਆਪੀ ਟਾਈਟਲ 1 ਸਾਲਾਨਾ ਮੀਟਿੰਗ ਅਤੇ ਸਥਾਨਕ ਨਿਯੰਤਰਣ ਜਵਾਬਦੇਹੀ ਯੋਜਨਾ (ਵਿੱਦਿਅਕ ਭਾਈਵਾਲ Educational Partners) ਇਨਪੁਟ ਮੀਟਿੰਗਾਂ ਲਈ ਸੱਦਾ ਦੇਣਾ।
- ਪ੍ਰੋਗਰਾਮ ਪ੍ਰਬੰਧਕਾਂ ਨੂੰ ਸਕੂਲ ਦੀਆਂ ਸਾਈਟਾਂ 'ਤੇ ਪੇਸ਼ ਕੀਤੀਆਂ ਜਾਣ ਵਾਲੀਆਂ ਲੀਡਰਸ਼ਿਪ ਹੁਨਰਾਂ ਅਤੇ ਹੋਰ ਸਿਖਲਾਈਆਂ ਵਿਚ ਮਾਪਿਆਂ ਦੀ ਸਿਖਲਾਈ ਲਈ ਸੱਦਾ ਦੇਣਾ।
- ਪ੍ਰੋਗਰਾਮ ਪ੍ਰਬੰਧਕਾਂ ਨਾਲ ਨੇੜਿਓ ਕੰਮ ਕਰਕੇ ਉਹਨਾਂ ਦੇ ਵਿਚ ਪ੍ਰੋਗਰਾਮਾਂ ਲਈ ਉਪਲਬਧ ਸਰੋਤਾਂ ਦਾ ਮੁਲਾਂਕਣ ਕਰਨ ਅਤੇ ਉਹਨਾਂ ਦੀ ਵਰਤੋਂ ਕਰਨ ਵਿਚ ਮਦਦ ਕਰਨਾ

ਸਥਾਨਕ ਵਿੱਦਿਅਕ ਏਜੰਸੀਆ (LEAs) ਇਹ ਕਿਵੇਂ ਯਕੀਨੀ ਬਣਾਉਣਗੀਆ ਕਿ ਸਕੂਲ ਅਤੇ ਮਾਤਾ-ਪਿਤਾ ਦੇ ਪ੍ਰੋਗਰਾਮਾਂ, ਮੀਟਿੰਗਾਂ, ਅਤੇ ਹੋਰ ਗਤਿਵਿਧੀਆਂ ਨਾਲ ਸਬੰਧਿਤ ਜਾਣਕਾਰੀ ਇੱਕ ਫਾਰਮੈਟ ਵਿਚ ਭਾਗ ਲੈਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਭੇਜੀ ਜਾਂਦੀ ਹੈ, ਅਤੇ ਵਿਵਹਾਰਕ ਹੱਦ ਤੱਕ, ਜਿਸ ਭਾਸ਼ਾ ਵਿਚ ਮਾਪੇ ਅਤੇ ਪਰਿਵਾਰ ਸਮਝ ਸਕਦੇ ਹਨ (ESSA ਸੈਕਸ਼ਨ 1116[ e[5])?

ਸੈਂਟਰਲ ਯੂਨੀਫਾਈਡ ਕਰੇਗਾ:

- ਵੈਬਸਾਈਟਾਂ ਨੂੰ ਅੱਪਡੇਟ ਕਰਨ ਵਿਚ ਤਕਨੀਕੀ ਸਹਾਇਤਾ ਦੀ ਪੇਸ਼ਕਸ਼ ਕਰੇਗਾ
- ਲੋੜ ਅਨੁਸਾਰ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਪੇਰੈਂਟ ਮੀਟਿੰਗ ਮੂਲ ਪ੍ਰਤਿ ਦਾ ਮਿਆਰ ਕਾਇਮ ਰੱਖਣ ਲਈ ਡਿਸਟ੍ਰਿਕਟ ਦੇ ਦਿਸ਼ਾ-ਨਿਰਦੇਸ਼ , ਸਾਂਚਾਂ (ਸੱਚਾ) ਅਤੇ ਸਿਖਲਾਈ ਸਮੱਗਰੀ ਪ੍ਰਦਾਨ ਕਰੇਗਾ
- ਅਨੁਵਾਦ ਅਤੇ ਵਿਆਖਿਆ ਸੇਵਾਵਾਂ ਲਈ ਡਿਸਟ੍ਰਿਕਟ ਇੰਟਰਪਰੇਟਰ/ਟਰਾਸਲੇਟਰ ਅਤੇ ਹੋਰ ਸਰੋਤ ਪ੍ਰਦਾਨ ਕਰੇਗਾ

ਸਥਾਨਕ ਵਿੱਦਿਅਕ ਏਜੰਸੀਆ (LEAs) ਇਸ ਸੈਕਸ਼ਨ (ESSA ਸੈਕਸ਼ਨ 1116[e][14]) ਦੇ ਅਧੀਨ ਮਾਤਾ-ਪਿਤਾ ਦੀ ਸ਼ਮੂਲੀਅਤ ਦੀਆਂ ਗਤੀਵਿਧੀਆਂ ਲਈ ਅਜਿਹੀ ਹੋਰ ਉਚਿਤ ਸਹਾਇਤਾ ਕਿਵੇਂ ਪ੍ਰਦਾਨ ਕਰਨਗੇ?

ਸੈਂਟਰਲ ਯੂਨੀਫਾਈਡ ਕਰੇਗਾ:

- ਜਿੰਨਾ ਸੰਭਵ ਹੋ ਸਕੇ ਉੱਚ ਲੋੜਾਂ ਵਾਲੇ ਸਕੂਲਾਂ ਵਿੱਚ ਦੋਭਾਸ਼ੀ ਕਮਿਊਨਟੀ ਅਤੇ ਪਰਿਵਾਰਕ ਸੰਪਰਕ ਅਧਿਕਰੀ ਪ੍ਰਦਾਨ ਕਰੇਗਾ

ਸਥਾਨਕ ਵਿਦਿਅਕ ਏਜੰਸੀਆ (LEAs) ਇਹ ਕਿਵੇਂ ਯਕੀਨੀ ਬਣਾਉਣਗੀਆ ਕਿ ਮਾਤਾ-ਪਿਤਾ ਅਤੇ ਪਰਿਵਾਰ ਦੀ ਸ਼ਮੂਲੀਅਤ ਨੀਤੀ ਅਜਿਹੇ ਫਾਰਮੇਟ ਅਤੇ ਭਾਸ਼ਾ ਵਿੱਚ ਹੈ ਜੋ ਮਾਪਿਆਂ ਅਤੇ ਪਰਿਵਾਰਾਂ ਲਈ ਸਮਝਣਾ ਆਸਾਨ ਹੈ (ESSA ਸੈਕਸ਼ਨ 1116[f])?

ਸੈਂਟਰਲ ਯੂਨੀਫਾਈਡ ਕਰੇਗਾ:

- ਅਨੁਵਾਦ ਅਤੇ ਵਿਆਖਿਆ ਸੇਵਾਵਾਂ ਲਈ ਡਿਸਟ੍ਰਿਕਟ ਇੰਟਰਪਰੇਟਰ/ਟਰਾਂਸਲੇਟਰ ਅਤੇ ਹੋਰ ਸਰੋਤ ਪ੍ਰਦਾਨ ਕਰੇਗਾ

ਇਹ ਨੀਤੀ ਕੇਂਦਰੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੁਆਰਾ ਜੂਨ 24, 2025 ਨੂੰ ਅਪਣਾਈ ਗਈ ਸੀ ਅਤੇ 2025-26 ਸਕੂਲੀ ਸਾਲ ਦੀ ਮਿਆਦ ਲਈ ਲਾਗੂ ਹੋਵੇਗੀ।

ਸਥਾਨਕ ਵਿਦਿਅਕ ਏਜੰਸੀ (LEA) ਇਸ ਨੀਤੀ ਨੂੰ ਹਰੇਕ ਸਕੂਲੀ ਸਾਲ ਦੇ ਸਤੰਬਰ ਨੂੰ ਜਾ ਇਸ ਤੋਂ ਪਹਿਲਾ ਟਾਈਟਲ I, ਭਾਗ A ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਸਾਰੇ ਮਾਪਿਆਂ ਅਤੇ ਪਰਿਵਾਰਾ ਨੂੰ ਵੰਡੇਗਾ।

**ਨੈਨਦੀਪ ਸਿੰਘ ਚੰਨ**
**ਸੈਂਟਰਲ ਯੂਨੀਫਾਈਡ ਬੋਰਡ ਦੇ ਪਰੇਜ਼ੀਡੈਂਟ**

June 24, 2025

**ਤਰੀਕ:**